# ਗੁਰੂ ਗ੍ਰੰਥ ਦਾ ਖਾਲਸਾ ਪੰਥ

GURU GRANTH DA KHALSA PANTH
{ਵਿਸ਼ਵ ਚੇਤਨਾ ਲਹਿਰ / Global Renaissance Movement}
Office: # 81, Phase-XI, Sector-65, SAS Nagar, Mohali-160062
Contact No: 09417440779, Email:gurugranthdakhalsapanth@ymail.com


## ਏਜੰਡਾ

੧ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ ੧੭੦੮ ਵਿੱਚ, ਹਜ਼ੂਰ ਸਾਹਿਬ ਵਿਖੇ, ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰਗੱਦੀ 'ਤੇ ਸਥਾਪਤ ਕਰ ਕੇ ਖਾਲਸਾ ਪੰਥ ਨੂੰ ਸਦਾ ਲਈ ਇੱਕੋ-ਇੱਕ ਗੁਰੂ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਸੀ। ਇਸਲਈ, ਕੇਵਲ ਗੁਰੂ ਗ੍ਰੰਥ ਸਾਹਿਬ ਦੇ ਸਿੱਖਾਂ ਦਾ ਇਕੱਠ ਹੀ ਖ਼ਾਲਸਾ ਪੰਥ ਦਾ ਮੈਂਬਰ ਹੋ ਸਕਦਾ ਹੈ। ਇਸ ਸੰਕਲਪ ਪ੍ਰਤੀ ਵਚਨਬੱਧ ਹੋ ਕੇ ਇਹ ਵਿਚਾਰ ਕੌਮ ਨੂੰ ਦ੍ਰਿੜ੍ਹ ਕਰਾਉਣਾ ।

੨ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਾਡਾ ਇਕੋ-ਇਕ ਸਦੀਵੀ ਗੁਰੂ ਹੈ; ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਗੁਰਬਾਣੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਹੀ ਸ਼ਬਦ ਗੁਰੂ ਹੈ। ਇਸਲਈ, ਹੋਰ ਕਿਸੇ ਸ਼ਬਦ ਜਾਂ ਦੇਹਧਾਰੀ ਨੂੰ ਕਦਾਚਿਤ ਗੁਰੂ ਨਹੀਂ ਮੰਨਣਾ।

੩ ਵਰਤਮਾਨ ਪ੍ਰਮਾਣਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ੴ ਤੋਂ "ਤਨੁ ਮਨੁ ਥੀਵੈ ਹਰਿਆ" ਤੱਕ ਸੰਪੂਰਨ ਬਾਣੀ ਉਤੇ ਅਕੀਦਾ ਰਖਦੇ ਹੋਏ ਪੰਥ ਨੂੰ ਜਾਗ੍ਰਿਤ ਕਰਨਾ। "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ ਇਸ ਗੱਲ ਬਾਬਤ ਪੰਥ 'ਚ ਅਜੇ ਤੱਕ ਮਤਭੇਦ ਹੈ"(ਸਿਖ ਰਹਿਤ ਮਰਿਆਦਾ, ਪੰਨਾ ੧੫)

੪ ਖਾਲਸਾ ਪੰਥ ਦੇ ਧਰਮ ਅਸਥਾਨਾਂ 'ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਹੋ ਸਕਦਾ ਹੈ। ਇਨ੍ਹਾਂ ਅਸਥਾਨਾਂ ਤੇ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਹੋਰ ਕਿਸੇ ਗ੍ਰੰਥ, ਪੋਥੀ, ਮੂਰਤੀ ਜਾਂ ਵਿਅਕਤੀ ਦਾ ਆਸਣ ਨਹੀਂ ਲੱਗ ਸਕਦਾ। ਏਸ ਮੰਤਵ ਲਈ ਯਤਨਸ਼ੀਲ ਰਹਿਣਾ ਅਤੇ ਏਸ ਸਬੰਧੀ ਸੰਗਤਾਂ ਨੂੰ ਸੁਚੇਤ ਕਰਨ ਦੇ ਉਪਰਾਲੇ ਕਰਨਾ।

੫ ਪੰਥਕ ਅਸਥਾਨਾਂ 'ਤੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਕੀਰਤਨ ਅਤੇ ਕਥਾ ਕੇਵਲ ਗੁਰਬਾਣੀ ਦੀ ਹੀ ਹੋ ਸਕਦੀ ਹੈ। ਭਾਈ ਗੁਰਦਾਸ, ਭਾਈ ਨੰਦ ਲਾਲ ਅਤੇ ਇਤਹਾਸਕ ਪੁਸਤਕਾਂ ਵਿੱਚੋਂ ਗੁਰਮਤਿ ਦ੍ਰਿੜ੍ਹਾਉਂਣ ਵਾਲੀਆਂ ਰਚਨਾਵਾਂ ਵਿਚੋਂ ਪ੍ਰਮਾਣ ਦਿੱਤੇ ਜਾ ਸਕਦੇ ਹਨ। ਗੁਰਬਾਣੀ ਦੀਆਂ ਤੁਕਾਂ ਵਿਗਾੜ ਕੇ ਬਣਾਈਆਂ ਧਾਰਨਾਵਾਂ ਨਹੀਂ ਪੜ੍ਹੀਆਂ ਜਾ ਸਕਦੀਆਂ।

੬ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਸਮੇਤ ਕੁਝ ਅਸਥਾਨਾਂ ਤੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ, ਬਚਿੱਤਰ ਨਾਟਕ (ਅਖੌਤੀ ਦਸਮ ਗ੍ਰੰਥ) ਦਾ ਪ੍ਰਕਾਸ਼ ਕਰ ਕੇ ਅਤੇ ਇਸ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਤੁਲਨਾ ਦੇ ਕੇ ਕੀਤੀ ਜਾ ਰਹੀ ਸ਼ਬਦ ਗੁਰੂ ਦੀ ਬੇਅਦਬੀ ਨੂੰ ਰੋਕਣ ਲਈ ਖਾਲਸਾ ਪੰਥ ਨੂੰ ਜਾਗ੍ਰਿਤ ਕਰਨਾ।

contd. Page-2

੭ ਖ਼ਾਲਸੇ ਨੂੰ, ਗੁਰਮਤੀ ਵਿਦਵਾਨਾਂ ਵੱਲੋਂ ਮਿਲ-ਬੈਠ ਕੇ ਪੰਥਕ ਜੁਗਤ ਨਾਲ ਸਿਰਜੀ, ਰਹਿਤ ਮਰਿਯਾਦਾ ਵਿੱਚ ਪਰੋ ਕੇ ਰੱਖਣ ਲਈ ਸਮੇਂ-ਸਮੇਂ ਉਲੀਕੇ ਪ੍ਰੋਗਰਾਮਾਂ ਵਿੱਚ ਸਹਿਯੋਗ ਦੇਣਾ ਅਤੇ ਸਿਆਸੀ ਹੱਥਕੰਡਿਆਂ ਰਾਹੀਂ ਤਖ਼ਤਾਂ ਦੀ ਹੋ ਰਹੀ ਦੁਰਵਰਤੋਂ ਰੋਕ ਕੇ ਤਖ਼ਤਾਂ ਨੂੰ ਸਿੱਖ ਬੁਰਕੇ ਹੇਠ ਸਿੱਖ ਦੁਸ਼ਮਣ ਤਾਕਤਾਂ ਤੋਂ ਅਤੇ ਪਰਿਵਾਰ-ਪਾਲੂ ਸਿਆਸਤ ਤੋਂ ਮੁਕਤ ਕਰਵਾਉਣ ਲਈ ਹੰਭਲਾ ਮਾਰਨਾ ਤਾਂ ਜੁ ਏਥੋਂ ਗੁਰੂ-ਆਸ਼ੇ ਅਨੁਸਾਰ ਸਿੱਖਾਂ ਅਤੇ ਸਰਬੱਤ ਦੇ ਸਿਆਸੀ, ਸਮਾਜਕ, ਧਾਰਮਕ ਅਤੇ ਆਰਥਕ ਮਸਲਿਆਂ ਨੂੰ ਸੰਬੋਧਤ ਹੋਇਆ ਜਾ ਸਕੇ।

੮ ਮਨੁੱਖਤਾ ਨੂੰ ਕਰਮ-ਕਾਂਡੀ ਮਨਮਤਿ ਦੇ ਪ੍ਰਹਾਰ ਤੋਂ ਬਚਾਉਣ ਲਈ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਜੀਵਨ ਦਾ ਆਧਾਰ ਬਣਾ ਕੇ ਖੰਡੇ ਬਾਟੇ ਦੇ ਅੰਮ੍ਰਿਤ ਲਈ ਜਾਗ੍ਰਿਤ ਕਰਨਾ।

੯ ਸ੍ਰੀ ਅਕਾਲ ਤਖਤ ਸਾਹਿਬ ਦਾ ਅਖੌਤੀ ਜੱਥੇਦਾਰ ਪੰਥਕ ਨੁਮਾਇੰਦਗੀ ਛੱਡਕੇ ਸਿਆਸੀ ਲੋਕਾਂ ਦਾ ਹੱਥ ਠੋਕਾ ਬਣ ਚੁੱਕਾ ਹੈ ਜਦੋਂ ਤੱਕ ਅਕਾਲ ਤਖਤ ਸਾਹਿਬ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ ਨਹੀਂ ਕਰ ਲਿਆ ਜਾਂਦਾ ਉਦੋਂ ਤੱਕ ਸਿਆਸੀ ਪ੍ਰਬੰਧ ਦੇ ਅਧੀਨ ਨਿਯੁਕਤ ਕੀਤੇ ਕਿਸੇ ਜੱਥੇਦਾਰ ਨੂੰ ਕੋਈ ਮਾਨਤਾ ਨਹੀਂ ਦਿੱਤੀ ਜਾ ਸਕਦੀ।

*ਸਤਿਕਾਰਯੋਗ ਵੀਰ/ ਭੈਣ ਜੀ,*

*ਜੇਕਰ ਤੁਸੀ **'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ'** ਦੇ ਉਪਰੋਕਤ ਏਜੰਡੇ ਨੂੰ ਗਹੁ ਨਾਲ ਪੜ੍ਹ ਲਿਆ ਹੈ ਅਤੇ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹੋ ਤਾਂ ਹੇਠਾਂ ਆਪਣੇ ਦਸਤਖ਼ਤ ਕਰਕੇ, ਇਸ ਨੂੰ ਉਪਰ ਦਿੱਤੇ ਪਤੇ ਤੇ ਭੇਜਣ ਦੀ ਕਿਰਪਾਲਤਾ ਕਰੋ ਜੀ।*

**ਮੈਂ 'ਗੁਰੂ ਗ੍ਰੰਥ ਦਾ ਖ਼ਾਲਸਾ ਪੰਥ' ਦੇ ਉਪਰੋਕਤ ਏਜੰਡੇ ਨੂੰ ਚੰਗੀ ਤਰ੍ਹਾਂ ਪੜ੍ਹ ਅਤੇ ਸਮਝ ਲਿਆ ਹੈ। ਮੈਂ ਇਸ ਏਜੰਡੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਮੈਂ ਅਕਾਲ ਪੁਰਖ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਸ ਏਜੰਡੇ ਦਾ ਪਰਚਾਰ, ਪਰਸਾਰ ਅਤੇ ਨਿਜੀ ਜੀਵਨ ਵਿੱਚ ਧਾਰਨ ਕਰਨ ਦਾ ਪ੍ਰਣ ਕਰਦਾ/ ਕਰਦੀ ਹਾਂ।**

**ਦਸਤਖ਼ਤ**

ਨਾਮ:......................................................

ਪਿਤਾ/ਪਤੀ ਦਾ ਨਾਮ...........................................

**ਉਮਰ .............................................................**

ਪਤਾ.......................................................

**ਕਿੱਤਾ .........................................................**

**ਟੈਲੀਫ਼ੋਨ /ਮੋਬਾਈਲ ਨੰਬਰ**...............................

**ਈ ਮੇਲ**.....................................................